# ਮਨੁ ਮੋਤੀ ਜੇ ਗਹਣਾ ਹੋਵੈ

ੴ ਸਤਿ ਗੁਰ ਪ੍ਰਸਾਦਿ ॥

ਆਸਾ ਘਰੁ ੬ ਮਹਲਾ ੧ ॥

ਇਹ ਸ਼ਬਦ, ਸ੍ਰੀ ਗੁਰੂ ਨਾਨਕ ਸਾਹਿਬ ਪਾਤਸ਼ਾਹ ਦਾ, ਆਸਾ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਇਸਨੂੰ ਛੇਵੇਂ ਘਰ ਵਿਚ ਗਾਉਣ ਦੀ ਹਦਾਇਤ ਹੈ। ਇਹ, ਪੰਨਾ ੩੫੯ ਤੇ ਸੁਭਾਇਮਾਨ ਹੈ। ਇਸ ਸ਼ਬਦ ਤੇ ਅਰੰਭ ਵਿਚ ਵਾਹਗੁਰੂ, ਪ੍ਰਭੂ ਦੇ ਮੰਗਲਾਚਰਣ ਦਾ, ਕੁਲ ਪੰਜਾਂ ਵਿਚੋਂ, ਚੌਥਾ ਸਰੂਪ ਦਰਜ ਕੀਤਾ ਗਿਆ ਹੈ। ਨੋਟ ਕਰਨ ਵਾਲੀ ਗਲ ਹੈ ਕਿ ਮੰਗਲਾਚਰਣ ਦੇ ਸਰੂਪ, ਕਈ ਵਾਰ ਬਾਣੀ ਦੇ ਸਿਰਲੇਖ ਤੋਂ ਪਹਿਲਾਂ ਦਰਜ ਮਿਲਦੇ ਹਨ ਅਤੇ ਕਈ ਵਾਰ ਬਾਅਦ ਵਿਚ। ਇਸ ਸ਼ਬਦ ਵਿਚ ਪਹਿਲਾਂ ਦਰਜ ਮਿਲਦਾ ਹੈ।

ਇਸ ਸ਼ਬਦ ਵਿਚ ਹੀਰੇ ਮੋਤੀਆਂ ਦੇ ਗਹਿਣਿਆਂ ਨਾਲ ਸਰੀਰ ਨੂੰ ਸੁੰਦਰ ਬਣਾਉਣ ਦੀ ਥਾਂ ਤੇ, ਗੁਣਾਂ ਦਾ ਸ਼ਿੰਗਾਰ ਕਰਣ ਦਾ ਉਪਦੇਸ਼ ਦਿਤਾ ਗਿਆ ਹੈ। ਗੁਰੂ, ਹੀਰੇ ਮੋਤੀਆਂ ਆਦਿ ਦੇ ਸ਼ਿੰਗਾਰ ਨਾਲ ਨਹੀਂ ਰੀਝਦਾ। ਉਸ ਨੂੰ ਰਿਝਾਉਣ ਲਈ, ਜੋ ਸ਼ਿੰਗਾਰ ਕੰਮ ਆਉਂਦਾ ਹੈ, ਉਸ ਵਿਚ, **ਭਾਵਨਾ**, **ਸ਼ਰਧਾ**, **ਸਿਮਰਣ**, **ਸਾਧੂ ਸੰਗਤਿ** ਅਤੇ ਹਰ ਪ੍ਰਕਾਰ ਦਾ **ਸਮੱਰਪਣ**, ਪ੍ਰਧਾਨ ਹਨ।

ਗੁਰਮਤਿ ਵਿਚ, ਸਰੀਰਕ ਸ਼ਿੰਗਾਰ ਨੂੰ ਕੂੜਾ ਅਤੇ ਵਿਅਰਥ ਮੰਨਿਆ ਗਿਆ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦਾ ਫ਼ੁਰਮਾਣ ਹੈ ਕਿ ਇਸ ਸਰੀਰ ਨੂੰ ਇੱਤਰ, ਚੰਦਨ ਆਦਿ ਲਗਾਇਆ ਜਾਂਦਾ ਹੈ, ਸੁੰਦਰ ਸੁੰਦਰ ਕਪੜੇ ਪਹਿਨ ਕੇ, ਸ਼ਿੰਗਾਰ ਕੀਤਾ ਜਾਂਦਾ ਹੈ, ਇਹ ਮਿਟੀ ਦਾ ਸਰੀਰ ਮਿਟੀ ਵਿਚ ਰਲ ਜਾਣਾ ਹੈ ਤੇ ਘਰ ਬਾਰ ਸੰਸਾਰ ਛਡ ਕੇ ਚਲਾ ਜਾਣਾ ਹੈ – 'ਚੋਆ ਚੰਦਨੁ ਲਾਈਐ ਕਾਪੜੁ ਰੂਪੁ ਸੀਗਾਰੁ॥ ਖੇਹੂ ਖੇਹ ਰਲਾਈਐ ਛੋਡਿ ਚਲੈ ਘਰ ਬਾਰੁ॥', ਪੰਨਾ ੬੩. ਹੋਰ ਫ਼ੁਰਮਾਣ ਹੈ ਕਿ ਉਹ ਇਸਤਰੀ, ਵਖ ਵਖ ਤਰ੍ਹਾਂ ਦੇ ਕਪੜੇ ਪਹਿੰਨਦੀ ਹੈ ਅਤੇ ਤਰ੍ਹਾਂ ਤਰ੍ਹਾਂ ਦੇ ਸ਼ਿੰਗਾਰ ਕਰਦੀ ਹੈ। ਭਾਵੇਂ ਸਰੀਰ ਮਿਟੀ ਰੂਪ ਹੈ ਪਰ ਉਹ ਸੁੰਦਰਤਾ ਦੇ ਹੰਕਾਰ ਵਿਚ, ਫੁਲ ਫੁਲ ਬੈਠਦੀ ਹੈ, **ਉਸਦਾ ਇਹ ਬਣਾਇਆ ਹੋਇਆ ਰੂਪ, ਸਿਰਫ਼ ਕਾਮ ਵਿਕਾਰ ਹੀ ਪੈਦਾ ਕਰਦਾ ਹੈ**, ਉਹ ਨਹੀਂ ਸਮਝਦੀ ਕਿ ਨਾਮ ਜਪੇ ਬਿਨਾਂ, ਉਸ ਲਈ ਹਿਰਦਾ ਅਤੇ ਸੰਸਾਰ, ਸਭ ਸੁੰਞੇ ਹੀ ਰਹਿੰਦੇ ਹਨ – 'ਕਾਪੜੁ ਪਹਿਰਸਿ ਅਧਿਕੁ ਸੀਗਾਰੁ॥ **ਮਾਟੀ ਫੂਲੀ ਰੂਪੁ ਬਿਕਾਰੁ**॥.. ਨਾਮ ਬਿਨਾ ਸੂਨਾ ਘਰੁ ਬਾਰੁ॥', ਪੰਨਾ ੧੧੬੩. ਸੰਧੂਰ ਵਰਗੇ ਸ਼ਿੰਗਾਰ, ਸੁਹਾਗ ਦੇ ਚਿੰਨ੍ਹ ਬਾਰੇ, ਮਹਾਰਾਜ ਦਾ ਫ਼ੁਰਮਾਣ ਹੈ ਕਿ ਵਿਆਹੁਤਾ ਇਸਤਰੀ, ਸੁਆਰ ਸੁਆਰ ਕੇ ਪਟੀਆਂ ਗੁੰਨ੍ਹਦੀ ਹੈ ਅਤੇ ਆਪਣੀ ਮਾਂਗ ਵਿਚ ਸੰਧੂਰ ਭਰਦੀ ਹੈ ਪਰ ਉਸ ਦਾ ਇਹ ਢਕਵੰਜ, ਪਖੰਡ, ਅਗੇ ਜਾ ਕੇ ਵਾਹਗੁਰੂ ਨੂੰ ਪਰਵਾਨ ਨਹੀਂ ਹੁੰਦਾ, ਉਹ ਝੂਰ ਝੂਰ ਕੇ ਮਰਦੀ ਹੀ ਰਹੇਗੀ – 'ਮਾਠਿ ਗੁੰਦਾਈ ਪਟੀਆ ਭਰੀਐ ਮਾਗ ਸੰਧੂਰੇ॥ ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ॥', ਪੰਨਾ ੫੫੮. ਇਥੇ ਕੇਸਾਂ ਦੀਆਂ ਪਟੀਆਂ ਗੁੰਨ੍ਹਣ ਦੀ ਗਲ ਕੀਤੀ ਗਈ ਹੈ ਪਰ ਅਜ ਵੇਖਣ ਵਿਚ ਆ ਰਿਹਾ ਹੈ ਕਿ ਕੇਸਾਂ ਨੂੰ ਗੁੰਨ੍ਹ ਕੇ ਸਵਾਰਣ ਦੀ ਥਾਂ ਹੁਣ ਜ਼ਨਾਨਾ ਨਾਈਆਂ (ਅਖਉਤੀ beauty parlours) ਤੋਂ ਕੇਸ ਸਿਧੇ ਕਰਵਾ ਕੇ ਖੁਲੇ ਛਡਣ ਦਾ ਅਤੇ ਕਈ ਢੰਗਾਂ ਨਾਲ ਰੋਮਾਂ ਦੀ ਬੇਅਦਬੀ ਵਰਗੇ ਕਈ ਹੋਰ ਘਿਨਾਉਣੇ ਰਿਵਾਜ਼ ਚਲ ਪਏ ਹਨ ਜੋ ਬੰਬਈ ਦੀਆਂ ਉਨ੍ਹਾਂ ਫ਼ਿਲਮੀ ਔਰਤਾਂ ਦੀ ਰੀਸ ਹੈ ਜਿਨ੍ਹਾਂ ਦਾ ਆਪਣਾ ਕੋਈ ਨਿਜੀ ਆਚਰਣ ਹੀ ਨਹੀਂ। ਸਗੋਂ ਉਨ੍ਹਾਂ ਨੇ ਸਮਾਜ ਵਿਚ ਅਸ਼ਲੀਲਤਾ ਅਤੇ characterlessness ਫ਼ੈਲਾ

ਦਿਤੇ ਹਨ, ਜੋ ਸਾਡੇ ਅਜੋਕੇ ਸਮਾਜ ਦਾ ਅਤਿ ਘਿਨਾਉਣਾ ਰੂਪ ਹੈ। ਇਹ ਤਾਂ ਕੇਸਾਂ ਦੀ ਘੋਰ ਬੇਅਦਬੀ ਪ੍ਰਚਲਤ ਹੋ ਚੁਕੀ ਹੈ। ਚੰਗੇ ਚੰਗੇ ਗੁਰਸਿਖ ਅਖਵਾਉਂਦੇ ਘਰਾਂ ਦੀਆਂ ਬੀਬੀਆਂ ਇਸ ਦੀ ਲਪੇਟ ਵਿਚ ਆ ਚੁਕੀਆਂ ਹਨ। ਅਜ ਤੋਂ ੫-੬ ਦਹਾਕੇ ਪਹਿਲਾਂ ਵੇਖਣ ਵਿਚ ਆਉਂਦਾ ਸੀ ਕਿ ਜਿਸ ਇਸਤਰੀ ਦਾ ਸਿਰ ਨੰਗਾ ਹੁੰਦਾ ਸੀ ਉਸ ਨੂੰ ਵਿਧਵਾ ਸਮਝਿਆ ਜਾਂਦਾ ਸੀ ਅਤੇ ਜਿਸ ਦੇ ਕੇਸ ਖੁਲੇ ਹੁੰਦੇ ਸਨ ਉਸ ਨੂੰ ਚੁੜੇਲ ਮੰਨਿਆਂ ਜਾਂਦਾ ਸੀ। ਪਰ ਫੈਸ਼ਨਪ੍ਰਸਤੀ ਨੇ ਸਾਊਪੁਣੇ, ਸੰਜੀਦਗੀ ਦੇ ਸਾਰੇ ਹੱਦ-ਬੰਨੇ ਭੰਨ ਦਿਤੇ ਹਨ।

ਅਜਿਹੀਆਂ ਕੁਰੀਤੀਆਂ ਦੇ ਖਿਲਾਫ਼ ਕੋਈ ਪਰਚਾਰ ਕਰਨ ਦਾ ਹੀਆ ਨਹੀਂ ਕਰਦਾ। ਇਸਤਰੀ ਨੇ ਸਮਾਜ ਸਿਰਜਣਾ ਹੁੰਦਾ ਹੈ। ਜਿਹੋ ਜਿਹੀ ਇਸਤਰੀ ਹੋਏਗੀ, ਉਹੋ ਜਿਹਾ ਸਮਾਜ ਹੋਏਗਾ। ਸਮਾਜ ਦੀ ਉਸਾਰੀ ਸੰਤਾਨ ਤੋਂ ਹੋਣੀ ਹੁੰਦੀ ਹੈ ਅਤੇ ਸੰਤਾਨ ਦੀ ਉਸਾਰੀ ਮਾਤਾ, ਇਸਤਰੀ ਤੋਂ ਹੋਣੀ ਹੁੰਦੀ ਹੈ। ਭਗਤ ਕਬੀਰ ਜੀ ਨੇ ਸਪੱਸ਼ਟ ਕੀਤਾ ਹੈ ਕਿ ਜਿਸ ਕੁਲ ਵਿਚ ਪ੍ਰਭੂ ਦਾ ਨਾਮ ਲੇਵਾ ਪੁਤਰ ਪੈਦਾ ਨਹੀਂ ਹੋਇਆ ਤਾਂ ਇਸ ਨਾਲੋਂ ਤਾਂ ਚੰਗਾ ਸੀ ਕਿ ਉਹ ਇਸਤਰੀ ਵਿਧਵਾ ਹੀ ਹੋ ਜਾਂਦੀ, ਰੱਬ ਤੋਂ ਟੁਟਿਆ ਪੁਤਰ ਜੰਮਦੀ ਹੀ ਨਾ - 'ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥ ਬਿਧਵਾ ਕਸ ਨ ਭਈ ਮਹਤਾਰੀ॥', ਪੰਨਾ ੩੨੮. ਸ੍ਰੀ ਗੁਰੂ ਰਾਮਦਾਸ ਸਾਹਿਬ ਨੇ ਵੀ ਇਸ ਦੀ ਹਾਮੀ ਭਰੀ ਹੈ ਕਿ ਜਿਸ ਵਿਅਕਤੀ ਦੇ ਹਿਰਦੇ ਵਿਚ ਹਰੀ ਪ੍ਰਭੂ ਦਾ ਨਾਮ ਨਹੀਂ ਵਸਿਆ ਤਾਂ ਬਿਹਤਰ ਸੀ ਕਿ ਉਸ ਦੀ ਜੰਮਣ ਵਾਲੀ ਮਾਤਾ ਬਾਂਝ ਹੀ ਹੋ ਜਾਂਦੀ - 'ਜਿਨ ਹਰਿ ਹਿਰਦੈ ਨਾਮੁ ਨ ਬਸਿਓ  ਤਿਨ ਮਾਤ ਕੀਜੈ ਹਰਿ ਬਾਂਝਾ॥', ਪੰਨਾ ੬੯੭. ਭਾਵ ਸਪੱਸ਼ਟ ਹਨ ਕਿ ਪਹਿਲੀ ਜ਼ਿੰਮੇਵਾਰੀ ਮਾਤਾ ਦੀ ਹੁੰਦੀ ਹੈ, ਬੱਚੇ ਨੂੰ ਸੇਧ ਦੇਣ ਦੀ ਅਤੇ ਸੇਧ ਦੇਣ ਲਈ ਜ਼ਰੂਰੀ ਹੈ ਪਹਿਲਾਂ ਆਪਾ ਸੁਆਰਣ ਦੀ, role model ਬਣਨ ਦੀ। ਪਰ ਵਰਤਾਰਾ ਉਲਟ ਵਰਤ ਰਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਦੇ ਬਚਨਾਂ ਅਨੁਸਾਰ ਕਲਜੁਗ ਦੇ ਅਜਿਹੇ ਲਛਣ ਹਨ ਕਿ ਆਮ ਕਰਕੇ ਪੂਰਬਲੇ ਜਿੰਨਾਂ (ਭੂਤ, ਪਰੇਤ, ਦੇਉ ਆਦਿ) ਨੇ ਮਨੁਖਾਂ ਦੀਆਂ ਸ਼ਕਲਾਂ ਵਿਚ ਜਨਮ ਲਿਆ ਹੋਇਆ ਹੈ, ਪਰ ਲਛਣ ਤੇ ਰਹਿਣੀ ਬਹਿਣੀ, ਉਨ੍ਹਾਂ ਦੇ ਜਿੰਨਾਂ ਵਾਲੇ ਹਨ। ਪੁਤਰ ਤੇ ਧੀਆਂ ਛੋਟੇ ਜਿੰਨ ਹਨ ਪਰ ਮਾਵਾਂ ਨੇ ਤਾਂ ਅਤਿ ਚੁਕੀ ਹੋਈ ਹੈ, ਉਹ ਤਾਂ ਜਿੰਨਾਂ ਦੀਆਂ ਸਿਕਦਾਰ, ਲੀਡਰ ਹਨ। ਇਹੀ ਕਾਰਣ ਹੈ ਕਿ ਬੜਾ ਭਿਆਨਕ ਵਰਤਾਰਾ ਵਰਤ ਰਿਹਾ ਹੈ - 'ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ॥ ਪੁਤੁ ਜਿਨੂਰਾ  ਧੀਅ ਜਿੰਨੂਰੀ  ਜੋਰੂ ਜਿੰਨਾ ਦਾ ਸਿਕਦਾਰੁ॥', ਪੰਨਾ ੫੫੬. ਹੋਰ ਥਾਈਂ ਵੀ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਅਜ ਦੇ ਸਮੇਂ ਦੇ ਦੌਰ ਵਿਚ ਇਸਤਰੀਆਂ ਦੀ ਲੀਡਰੀ ਅਤੇ ਸਲਾਹਾਂ ਗਲਤ ਪਾਸੇ ਚਲ ਰਹੇ ਹਨ ਅਤੇ ਉਨ੍ਹਾਂ ਦੇ ਪਿਛਲੱਗ ਬਣੇ ਮਨੁਖ ਜ਼ਾਲਮ ਸ਼ਿਕਾਰੀ ਬਣ ਗਏ ਹਨ। ਇਸ ਲਈ ਨਿਮਰਤਾ, ਸਵੈ-ਜ਼ਾਬਤਾ (self control), ਪਵਿਤਰਤਾ ਆਦਿ ਗੁਣ ਉਨ੍ਹਾਂ ਤੋਂ ਭੱਜ ਗਏ ਹਨ, ਜਿਸ ਕਰਕੇ ਹਰਾਮ ਦਾ ਅਤੇ ਸਹੀ ਨਾ ਹਜ਼ਮ ਹੋਣ ਵਾਲਾ ਭੋਜਨ ਖਾਂਦੇ ਅਤੇ ਜੀਵਨ ਜੀਊਂਦੇ ਹਨ - 'ਰੰਨਾ ਹੋਈਆ ਬੋਧੀਆ  ਪੁਰਸ ਹੋਏ ਸਈਆਦ॥ ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ॥', ਪੰਨਾ ੧੨੪੩.

ਉਹ ਮਾਤਾ ਗੁਜਰੀ ਵੀ ਇਕ ਬੀਬੀ ਹੀ ਸੀ ਜਿਸ ਨੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਨੂੰ ਸ਼ਹਾਦਤ ਤੋਂ ਪਹਿਲਾਂ ਇਹ ਸਮਝਾ ਕੇ ਤੋਰਿਆ ਸੀ ਕਿ '**ਸ਼ਾਨ ਪਿਤਾ ਦੀ ਰਖ ਵਖਾਇਓ**' ਅਤੇ ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ '**ਸ਼ੁਕਰ ਅਕਾਲ ਪੁਰਖ ਦਾ ਕੀਤਾ, ਜਿਸ ਨੇ ਬਾਲ ਧਰਮ ਰਖ ਲੀਤਾ**'।

ਉਹ ਵੀ ਸਿਖ ਬੀਬੀਆਂ ਹੀ ਸਨ ਜਿਨ੍ਹਾਂ ਨੇ ਸਵਾ ਸਵਾ ਮਣ ਦੇ ਪੀਸਣ ਪੀਸੇ, ਆਪਣੇ

ਬਚਿਆਂ ਦੇ ਟੋਟੇ ਕਰਵਾ ਕੇ ਉਨ੍ਹਾਂ ਦੇ ਹਾਰ ਗਲ ਵਿਚ ਪੁਆ ਕੇ ਗੁਰੂ ਦਾ ਸ਼ੁਕਰਾਨਾ ਕੀਤਾ, ਸਿਖੀ ਸਿਦਕ ਨਹੀਂ ਹਾਰਿਆ। ਸਗੋਂ ਇਹ ਕਿਹਾ ਕਿ ਜੇ ਸਾਨੂੰ ਵਾਹਿਗੁਰੂ ਹੋਰ ਬੱਚੇ ਦਿੰਦਾ ਤਾਂ ਉਹ ਵੀ ਸਿਖੀ ਦੇ ਲੇਖੇ ਲਗ ਜਾਂਦੇ।

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਸਾਫ਼ ਸ਼ਬਦਾਂ ਵਿਚ ਫ਼ੁਰਮਾਣ ਜਾਰੀ ਕੀਤਾ ਹੈ ਕਿ ਮਨਮੁਖ ਮਨੁਖ, ਅਸਲ ਸ਼ਿੰਗਾਰ ਨਹੀਂ ਜਾਣਦੇ, ਕਰਦੇ, ਉਹ ਇਸ ਜਨਮ ਨੂੰ ਹਾਰ ਕੇ ਜਾਂਦੇ ਹਨ। ਜੋ, ਪ੍ਰਭੂ ਭਗਤੀ ਬਿਨਾਂ, ਹੋਰ ਕੋਈ ਸ਼ਿੰਗਾਰ ਕਰੇ, ਉਹ ਦੁਬਾਰਾ ਦੁਬਾਰਾ ਜੰਮ ਕੇ ਖੁਆਰ ਹੁੰਦਾ ਰਹਿੰਦਾ ਹੈ। ਉਸ ਨਾਲ ਅਗੇ ਜਾ ਕੇ ਕੀ ਹੁੰਦਾ ਹੈ, ਇਹ ਵਾਹਗੁਰੂ ਹੀ ਜਾਣਦਾ ਹੈ - 'ਮਨਮੁਖਿ ਸੀਗਾਰੁ ਨ ਜਾਣਨੀ ਜਾਸਨਿ ਜਨਮੁ ਸਭੁ ਹਾਰਿ॥ ਬਿਨੁ ਹਰਿ ਭਗਤੀ ਸੀਗਾਰੁ ਕਰਹਿ ਨਿਤ ਜੰਮਹਿ ਹੋਇ ਖੁਆਰੁ॥ ਸੈਸਾਰੈ ਵਿਚਿ ਸੋਭ ਨ ਪਾਇਨੀ ਅਗੈ ਜਿ ਕਰੇ ਸੁ ਜਾਣੈ ਕਰਤਾਰੁ॥', ਪੰਨਾ ੯੫੦.

**ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥**
**ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥੧॥**

**ਅਰਥ** : ਜੇ ਜੀਵ ਇਸਤਰੀ, ਸੁਚੇ ਮੋਤੀ ਵਾਂਙ, ਮਨ ਨੂੰ ਸ਼ੁਧ ਅਤੇ ਪਵਿਤਰ ਬਣਾ ਕੇ ਇਸਨੂੰ ਆਪਣਾ ਗਹਣਾ ਬਣਾ ਕੇ ਪਹਿਰੇ, ਪਉਣ ਵਰਗੇ, ਸੁਆਸ ਸੁਆਸ **ਸਿਮਰਣ** ਨੂੰ, ਮਨ ਦੇ ਮੋਤੀ ਨੂੰ ਪਰੋਣ ਲਈ, ਸੂਤਰ ਬਣਾ ਲਵੇ।

**ਅਰਥ :** ਜੇ ਜੀਵ ਇਸਤਰੀ, ਖਿਮਾ, ਮੁਆਫ਼ੀ ਦੇ ਸ਼ਿੰਗਾਰ ਨੂੰ ਧਾਰਣ ਕਰੇ, ਤਾਂ ਉਹ ਆਪਣੇ ਪਤੀ ਪ੍ਰਭੂ ਨੂੰ ਪਿਆਰੀ ਲਗਣ ਤੇ, ਉਹ, ਉਸ ਨੂੰ ਅੰਗੀਕਾਰ ਕਰ ਲੈਂਦਾ ਹੈ।੧।

ਸ੍ਰੀ ਗੁਰੂ ਨਾਨਕ ਸਾਹਿਬ ਇਸ ਰਾਜ਼ ਨੂੰ ਖੋਲਦਿਆਂ, ਫ਼ੁਰਮਾਣ ਕਰਦੇ ਹਨ ਕਿ ਜੇ ਜੀਵ ਇਸਤਰੀ, ਆਪਣਾ ਮਨ ਮਾਰ ਕੇ, ਆਪਣੀ ਹੋਂਦ ਦਾ ਅਹੰ ਛਡ ਕੇ, ਸਮੱਰਪਣ ਕਰ ਦਿੰਦੀ ਹੈ ਤਾਂ ਪਤੀ ਪ੍ਰਭੂ, ਉਸ ਜੀਵ-ਨਾਰੀ ਨਾਲ ਜ਼ਰੂਰ ਮਿਲਾਪ ਕਰਦੇ ਹਨ। ਜਿਵੇਂ ਇਕੋ ਧਾਗੇ ਵਿਚ ਰੱਲ ਕੇ, ਗਲੇ ਵਿਚ ਪਾਉਣ ਲਈ, ਮੋਤੀਆਂ ਦੀ ਮਾਲਾ ਬਣ ਜਾਂਦੀ ਹੈ, ਇਸੇ ਤਰ੍ਹਾਂ **ਸੰਤ ਜਨਾਂ ਦੀ ਸੰਗਤਿ** ਨਾਲ, ਗੁਰੂ ਅਨੁਸਾਰੀ ਹੋ ਕੇ, ਨਾਮ ਆਧਾਰ ਬਣ ਜਾਂਦਾ ਹੈ ਅਤੇ ਸੁਖ ਉਪਜਦਾ ਹੈ - 'ਮਨ ਮਹਿ ਮਨੂਆ ਜੇ ਮਰੈ ਤਾ ਪਿਰੁ ਰਾਵੈ ਨਾਰਿ॥ ਇਕਤੁ ਤਾਗੈ ਰਲਿ ਮਿਲੈ ਗਲਿ ਮੋਤੀਅਨ ਕਾ ਹਾਰੁ॥ ਸੰਤ ਸਭਾ ਸੁਖੁ ਊਪਜੈ ਗੁਰਮੁਖਿ ਨਾਮ ਅਧਾਰ॥', ਪੰਨਾ ੫੮.

ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਵੀ ਜੀਵ ਇਸਤਰੀ ਨੂੰ ਦੁਨਿਆਵੀ ਸ਼ਿੰਗਾਰ ਛਡ ਕੇ, ਖਿਮਾਂ ਦਾ ਸ਼ਿੰਗਾਰ ਧਾਰਣ ਕਰਣ ਦਾ ਉਪਦੇਸ਼ ਦਿਤਾ ਹੈ, ਅਜਿਹੀ ਜੀਵ ਇਸਤਰੀ ਦੋਹਾਂ ਲੋਕਾਂ ਵਿਚ ਸਨਮਾਨ ਪਾਉਂਦੀ ਹੈ - 'ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ ਪਹਿਰੈ ਖਿਮਾ ਸੀਗਾਰੁ॥ ਪੇਈਐ ਸਾਹੁਰੈ ਬਹੁ ਸੋਭਾ ਪਾਏ ਤਿਸੁ ਪੂਜ ਕਰੇ ਸਭੁ ਸੈਸਾਰੁ॥', ਪੰਨਾ ੭੮੬.

ਭਗਤ ਕਬੀਰ ਜੀ ਨੇ, ਸਲੋਕਾਂ ਵਿਚ ਫ਼ੁਰਮਾਣ ਕੀਤਾ ਹੈ ਕਿ ਜਿਥੇ ਖਿਮਾ ਵਸਦੀ ਹੈ, ਉਥੇ ਪ੍ਰਭੂ ਆਪ ਵਸਦਾ ਹੈ - 'ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪ॥', ਪੰਨਾ ੧੩੭੨.

**ਲਾਲ ਬਹੁ ਗੁਣਿ ਕਾਮਣਿ ਮੋਹੀ ॥**
**ਤੇਰੇ ਗੁਣ ਹੋਹਿ ਨ ਅਵਰੀ ॥੧॥ ਰਹਾਉ ॥**

**ਅਰਥ** : ਹੇ ਮੇਰੇ ਲਾਲ, ਸੋਹਣੇ ਪਤੀ ਪ੍ਰਭੂ ! ਤੇਰੇ ਬੇਅੰਤ ਗੁਣ ਦੇਖ ਕੇ ਮੈਂ ਮੋਹੀ ਗਈ ਹਾਂ। ਜਿਹੋ ਜਿਹੇ ਗੁਣ ਤੇਰੇ ਵਿਚ ਹਨ, ਇਹੋ ਜਿਹੇ ਗੁਣ, ਮੈਨੂੰ ਹੋਰ ਕਿਸੇ ਵਿਚ ਨਹੀਂ ਦਿਸਦੇ।੧।ਰਹਾਉ।

ਪੰਜਵੇਂ ਪਾਤਸ਼ਾਹ, ਪੰਨਾ ੫੭੭ ਤੇ, ਫ਼ੁਰਮਾਣ ਕਰਦੇ ਹਨ ਕਿ ਸਾਰੇ ਗੁਣ ਪ੍ਰਭੂ ਦੇ ਹਨ, ਮੇਰੇ ਵਿਚ ਕੋਈ ਗੁਣ ਨਹੀਂ। ਹੇ ਮੇਰੇ ਠਾਕੁਰ, ਮਾਲਕ ! ਤੇਰੇ ਵਿਚ ਸਾਰੇ ਗੁਣ ਹਨ, ਮੈਂ ਕਿਹੜੇ ਮੂੰਹ ਨਾਲ ਤੇਰੀ ਸਿਫ਼ਤ ਸਲਾਹ ਕਰਾਂ - 'ਮੋਹਿ ਨਿਰਗੁਣ ਜੀਉ ਸਭਿ ਗੁਣ ਤੇਰੇ ਰਾਮ॥ ਸਭਿ ਗੁਣ ਤੇਰੇ ਠਾਕੁਰ ਮੇਰੇ ਕਿਤੁ ਮੁਖਿ ਤੁਧੁ ਸਾਲਾਹੀ॥'

**ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥**
**ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥੨॥**

**ਅਰਥ** : ਤੂੰ 'ਹਰਿ ਹਰਿ', ਭਾਵ, **ਵਾਹਗੁਰੂ ਵਾਹਗੁਰੂ...** ਨਾਮ ਦਾ ਹਾਰ ਲੈ ਕੇ ਆਪਣੇ ਗਲੇ ਵਿਚ ਪਾ ਅਤੇ ਦਾਮੋਦਰ ਪ੍ਰਭੂ ਦੇ ਸਿਮਰਣ ਦਾ ਹੀ ਦੰਦਾਸਾ ਵਰਤ।

'ਦਾਮੋਦਰ' ਸ਼ਬਦ '**ਦਾਮ**' + '**ਉਦਰ**' ਨੂੰ ਮਿਲਾ ਕੇ ਬਣਿਆ ਹੈ। '**ਦਾਮ**', ਰੱਸੀ ਨੂੰ ਕਹਿੰਦੇ ਹਨ ਅਤੇ '**ਉਦਰ**' ਪੇਟ ਨੂੰ ਕਹਿੰਦੇ ਹਨ। ਮਾਤਾ ਜਸੋਦਾ ਨੇ, ਬਾਲਕ ਸ੍ਰੀ ਕ੍ਰਿਸ਼ਨ ਜੀ ਦੇ ਚੋਜਾਂ ਤੋਂ ਔਖੀ ਹੋ ਕੇ, ਉਨ੍ਹਾਂ ਦੇ ਉਦਰ ਦੁਆਲੇ, ਰਸੀ ਲਪੇਟ ਕੇ ਉੱਖਲ ਨਾਲ ਬੰਨ੍ਹ ਦਿਤਾ ਸੀ। ਇਸ ਕਰਕੇ ਉਨ੍ਹਾਂ ਨੂੰ 'ਦਾਮੋਦਰ' ਕਿਹਾ ਜਾਂਦਾ ਹੈ। ਸ੍ਰੀ ਕ੍ਰਿਸ਼ਨ ਜੀ ਦੇ ਗੁਰ-ਜੋਤਿ ਹੋਣ ਕਰਕੇ, ਗੁਰਬਾਣੀ ਵਿਚ, ਉਨ੍ਹਾਂ ਪ੍ਰਤੀ ਵਰਤੇ ਗਏ ਨਾਂ, ਪਰਮੇਸ਼ਰ ਲਈ ਵਰਤ ਲਏ ਜਾਂਦੇ ਹਨ।

**ਅਰਥ :** ਆਪਣੇ ਹਥਾਂ ਵਿਚ ਕਰਤਾ ਦੇ ਨਾਮ ਦੇ ਕੰਗਣ ਪਹਿਨ। ਇਸ ਤਰ੍ਹਾਂ ਉਨ੍ਹਾਂ ਨੂੰ ਵੇਖ ਕੇ ਹਰ ਵਕਤ ਤੇਰੇ ਚਿਤ ਵਿਚ ਉਸਦੀ ਯਾਦ ਵਸੀ ਰਹੇਗੀ।੨।

**ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥**
**ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀ ਰੰਗੁ ਸੁਰਮਾ ਦੇਈ ॥੩॥**

**ਅਰਥ** : ਹਥਾਂ ਵਿਚ, ਮਧੁ ਰਾਖ਼ਸ਼ ਨੂੰ ਮਾਰਣ ਵਾਲੇ ਹਰੀ ਪ੍ਰਭੂ ਦੇ ਨਾਮ ਦੀ ਮੁੰਦਰੀ ਪਾ ਅਤੇ ਪਰਮੇਸ਼ਰ ਦਾ ਨਾਮ ਰੂਪੀ ਹੀ ਰੇਸ਼ਮ ਪਹਿਨ।

'ਮਧੁ' ਰਾਖ਼ਸ਼ ਦਾ ਸੰਘਾਰ ਵੀ ਸ੍ਰੀ ਕ੍ਰਿਸ਼ਨ ਜੀ ਨੇ ਹੀ ਕੀਤਾ ਸੀ, ਜਿਸ ਕਰ ਕੇ, ਇਤਿਹਾਸ ਵਿਚ, ਉਨ੍ਹਾਂ ਨੂੰ ਮਧੁਸੂਦਨ ਕਹਿੰਦੇ ਹਨ।

'ਪਟੁ' ਦਾ ਅਰਥ ਰੇਸ਼ਮ ਹੁੰਦਾ ਹੈ, ਜੋ ਕੀਮਤੀ ਹੁੰਦਾ ਹੈ। ਇਸ ਦੇ ਬਣੇ ਕਪੜੇ ਵੀ ਸ਼ਿੰਗਾਰ ਦਾ ਹੀ ਹਿਸਾ ਮੰਨੇ ਜਾਂਦੇ ਹਨ। ਸ੍ਰੀ ਗੁਰੂ ਨਾਨਕ ਸਾਹਿਬ ਨੇ, ਪੰਨਾ ੪੭੩ ਤੇ, ਬਚਨ ਕੀਤੇ ਹਨ ਕਿ ਜਿਨ੍ਹਾਂ ਦੇ ਹਿਰਦੇ, ਵਾਹਗੁਰੂ ਦੇ ਨਾਮ ਅਤੇ ਗੁਣਾਂ ਕਰ ਕੇ ਰੇਸ਼ਮ ਵਰਗੇ ਮੁਲਾਇਮ ਹੋ ਗਏ ਹਨ, ਉਨ੍ਹਾਂ ਨੇ ਬਾਹਰ, ਭਾਵੇਂ, ਗੁੱਦੜ, ਭਾਵ, ਫ਼ਟੇ ਪੁਰਾਣੇ ਕਪੜੇ ਵੀ ਪਹਿਨੇ ਹੋਣ, ਤਾਂ ਵੀ ਉਹ ਇਸ ਸੰਸਾਰ ਵਿਚ ਸਭ ਤੋਂ ਭਲੇ ਹਨ, ਕਿਉਂਕਿ ਉਨ੍ਹਾਂ ਦਾ ਰੱਬ ਨਾਲ ਪ੍ਰੇਮ ਲਗਾ ਹੁੰਦਾ ਹੈ ਅਤੇ ਹਰ ਵੇਲੇ ਰੱਬ ਨੂੰ ਮਿਲਣ ਦੀ ਤਾਂਘ ਲਗੀ ਰਹਿੰਦੀ ਹੈ - 'ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ॥ ਤਿਨ੍ ਨੇਹੁ ਲਗਾ ਰਬ ਸੇਤੀ ਦੇਖਨ੍ੇ ਵੀਚਾਰਿ॥' ਵੈਸੇ ਹੁਣ ਤਾਂ ਪੱਟ (ਰੇਸ਼ਮ) ਦੀ ਗਲ ਦੂਰ ਰਹੀ, ਤਨ ਦੇ ਕਪੜੇ ਵੀ ਘਟਦੇ ਜਾਂਦੇ ਹਨ। ਸਿਰ ਤੋਂ ਦਸਤਾਰੇ ਹਟ ਗਏ, ਚੁੰਨੀਆਂ ਆਈਆਂ, ਚੁੰਨੀਆਂ ਸਿਰ ਤੋਂ ਉਤਰ ਕੇ ਗਲਿਆਂ ਵਿਚ, ਫ਼ਿਰ ਮੋਢਿਆਂ ਤੇ ਅਤੇ ਹੁਣ ਗ਼ਾਇਬ ਹੀ ਹੋ ਗਈਆਂ ਹਨ।

**ਅਰਥ :** ਹੇ ਜੀਵ ਇਸਤਰੀ ! ਧੀਰਜ, ਸਹਿਨਸ਼ੀਲਤਾ ਦੀਆਂ ਹੀ ਕੇਸਾਂ ਵਿਚ ਪਟੀਆਂ ਬਣਾ ਅਤੇ ਮਾਇਆ ਪਤੀ ਪ੍ਰਭੂ ਦੇ ਨਾਮ ਦਾ ਹੀ ਸੁਰਮਾ, ਅੱਖਾਂ ਵਿਚ ਪਾ ਲੈ।੩।

'ਸ੍ਰੀਰੰਗ' ਸ਼ਬਦ ਵੀ ਸ੍ਰੀ ਕ੍ਰਿਸ਼ਨ ਜੀ ਲਈ, ਮਾਇਆ, ਲਛਮੀ ਦੇ ਪਤੀ ਜਾਣ ਕੇ ਵਰਤਿਆ

ਜਾਂਦਾ ਹੈ, ਜੋ, ਇਥੇ ਪਰਮੇਸ਼ਰ ਲਈ ਆਇਆ ਹੈ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਫ਼ੁਰਮਾਣ ਹੈ ਕਿ 'ਮੈਂ ਪ੍ਰਭੂ ਦੇ ਭੈਅ, ਅਦਬ ਦਾ ਸੁਰਮਾ ਪਾ ਕੇ, ਸੁਚਾ ਸ਼ਿੰਗਾਰ ਕੀਤਾ ਹੈ ਅਤੇ ਵਾਹਗੁਰੂ ਦੇ ਅੰਮ੍ਰਿਤ ਮਈ ਨਾਮ ਦਾ ਤੰਬੋਲ ਮੂੰਹ ਨਾਲ ਖਾਧਾ ਹੈ। ਵਾਹਿਗੁਰੂ ਦੇ ਭੈਅ ਅਦਬ ਅਤੇ ਸਿਮਰਣ ਕਰਦਿਆਂ, ਮੇਰੇ ਕੰਗਨ, ਬਸਤਰ ਅਤੇ ਗਹਿਣੇ, ਭਾਵ, ਹੋਰ ਧਰਮ ਕਰਮ ਵੀ ਸਫ਼ਲ ਹੋ ਗਏ ਹਨ' - 'ਸਤੁ ਸੀਗਾਰੁ ਭਉ **ਅੰਜਨੁ** ਪਾਇਆ॥ **ਅੰਮ੍ਰਿਤ ਨਾਮੁ** ਤੰਬੋਲੁ ਮੁਖਿ ਖਾਇਆ॥ **ਕੰਗਨ** ਬਸਤ੍ਰ **ਗਹਨੇ** ਬਨੇ ਸੁਹਾਵੇ॥ ਧਨ ਸਭ ਸੁਖ ਪਾਵੈ ਜਾਂ ਪਿਰੁ ਘਰਿ ਆਵੈ॥', ਪੰਨਾ ੭੩੭. ਇਨ੍ਹਾਂ ਪੰਕਤੀਆਂ ਤੋਂ ਇਹ ਸਪੱਸ਼ਟ ਹੈ ਕਿ ਬਾਕੀ ਸਾਰੇ ਧਰਮ ਕਰਮ ਤਾਂ ਹੀ ਫ਼ਲੀਭੂਤ ਹੁੰਦੇ ਹਨ ਜੇ ਸਿਮਰਣ ਦੇ ਨਾਲ ਕੀਤੇ ਜਾਣ। ਵਾਹਿਗੁਰੂ ਦੇ ਸਿਮਰਣ ਤੋਂ ਬਿਨਾਂ, ਹੋਰ ਸਾਰੇ ਧਰਮ ਕਰਮ ਕਰਦਿਆਂ ਹੋਇਆਂ ਵੀ ਨਰਕ ਹੀ ਜਾਣਾ ਪਏਗਾ, ਜਿਵੇਂ, ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ, ਫ਼ੁਰਮਾਣ ਕਰਦੇ ਹਨ - 'ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ॥ ਕੋਟਿ ਕਰਮ ਕਰਤੋ ਨਰਕਿ ਜਾਵੈ॥', ਅੰਕ ੨੪੦. ਹੋਰ ਸਪੱਸ਼ਟ ਕੀਤਾ ਹੈ ਕਿ ਜਿਤਨੇ ਮਰਜ਼ੀ ਚੰਗੇ ਆਚਰਣ, ਧਰਮ ਕਰਮ ਕਰੀ ਜਾਓ, ਸਿਮਰਣ ਤੋਂ ਬਿਨਾਂ ਸਭ ਵਿਅਰਥ ਹਨ - 'ਆਨ ਅਚਾਰ ਬਿਉਹਾਰ ਹੈ ਜੇਤੇ ਬਿਨੁ ਹਰਿ ਸਿਮਰਨ ਫੋਕ॥', ਪੰਨਾ ੬੮੨.

**ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥**
**ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥੪॥੧॥੩੫॥**

**ਅਰਥ** : ਹੇ ਜੀਵ ਇਸਤਰੀ ! ਤੂੰ ਆਪਣੇ ਮਨ ਦੇ ਮੰਦਰ ਵਿਚ ਪ੍ਰਭੂ ਦੇ ਗਿਆਨ ਦਾ ਦੀਵਾ ਜਲਾ ਅਤੇ ਆਪਣੀ ਕਾਇਆ, ਦੇਹ ਨੂੰ, ਪ੍ਰਭੂ ਮਿਲਾਪ ਲਈ ਸੇਜ ਬਣਾ ਲਏਂਗੀ, ਭਾਵ, ਪੂਰਾ ਸਮਰਪਣ ਕਰੇਂਗੀ ਤਾਂ..

ਮਨ ਮੰਦਰ ਵਿਚ ਨਾਮ ਦਾ ਹੀ ਦੀਵਾ ਜਲਾਉਣ ਦਾ ਉਪਦੇਸ਼ ਹੈ। ਭਗਤ ਰਵਿਦਾਸ ਜੀ ਨੇ ਨਾਮ ਦਾ ਦੀਵਾ, ਨਾਮ ਦੀ ਵੱਟੀ, ਨਾਮ ਦਾ ਹੀ ਤੇਲ ਅਤੇ ਨਾਮ ਦੀ ਹੀ ਜੋਤਿ ਜਗਾਉਣ ਦਾ ਉਪਦੇਸ਼ ਦਿਤਾ ਹੈ ਜਿਸ ਨਾਲ, ਸਾਰੇ ਭਵਨਾਂ ਵਿਚ ਹੀ ਉਜਾਲਾ ਹੋ ਗਿਆ ਹੈ - 'ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥ ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ॥' ਅੰਕ ੬੯੪.

**ਅਰਥ :** ..ਗਿਆਨ ਦਾ ਰਾਜਾ, ਪ੍ਰਭੂ, ਜਦੋਂ ਤੇਰੀ, ਕਾਇਆ, ਹਿਰਦੇ ਰੂਪੀ ਸੇਜ ਤੇ ਆਏਗਾ ਤਾਂ ਉਹ ਤੇਰੇ ਨਾਲ ਮਿਲਾਪ ਕਰ ਲਏਗਾ, ਤੈਨੂੰ ਆਪਣਾ ਬਣਾ ਲਏਗਾ।੪।੧।੩੫।

ਪੰਚਮ ਪਾਤਸ਼ਾਹ, ਪੰਨਾ ੭੩੭ ਤੇ, ਫ਼ੁਰਮਾਣ ਕਰਦੇ ਹਨ ਕਿ ਉਹ, ਨਿਤ ਨਵੇਂ ਪ੍ਰੇਮ ਵਾਲਾ ਮੇਰਾ ਸੋਹਣਾ ਲਾਲ, ਪਿਆਰਾ ਪਤੀ ਮੇਰੀ **ਸ਼ਰਧਾ** ਰੂਪੀ, ਵਿਛਾਈ ਹੋਈ ਸੇਜ ਤੇ, ਮੈਨੂੰ ਆਪਣਾ ਬਣਾਉਣ ਆਇਆ ਹੈ, ਅਤੇ ਉਸ ਪਿਆਰੇ ਪ੍ਰਭੂ ਪਤੀ ਨਾਲ ਮਿਲਾਪ ਕਰ ਕੇ, ਮੈਨੂੰ, ਇਸਤਰੀ ਨੂੰ ਸਾਰੇ ਸੁਖ ਪ੍ਰਾਪਤ ਹੋ ਗਏ ਹਨ - 'ਸੇਜ ਵਿਛਾਈ ਸਰਧ ਅਪਾਰਾ॥ ਨਵ ਰੰਗ ਲਾਲੁ ਸੇਜ ਰਾਵਣ ਆਇਆ॥ ਜਨ ਨਾਨਕ ਪਿਰ ਧਨ ਮਿਲਿ ਸੁਖੁ ਪਾਇਆ॥।' ('ਸਰਧ' ਦਾ ਅਰਥ ਸ਼ਰਧਾ ਹੈ)।

ਭਗਤ ਕਬੀਰ ਜੀ ਨੇ ਵੀ, ਗੁਣ ਧਾਰਣ ਕਰਣ ਦੇ ਨਾਲ ਹੋਇਆ ਪ੍ਰਭੂ ਮਿਲਾਪ ਇੰਵ ਦਸਿਆ ਹੈ - 'ਕਹਿ ਕਬੀਰ ਮੋਹਿ ਬਿਆਹਿ ਚਲੇ ਹੈ ਪੁਰਖ ਏਕ ਭਗਵਾਨਾ॥', ਪੰਨਾ ੪੮੨.

ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੨੪੪ ਤੇ, ਹਰੀ ਦਾ ਨਾਮ ਮਨ ਵਿਚ ਵਸਾਉਣ ਨੂੰ ਹੀ ਅਸਲ ਸ਼ਿੰਗਾਰ ਦਸਦੇ ਹਨ - 'ਹਰਿ ਕਾ ਨਾਮੁ ਰਿਦੈ ਵਸਾਏ ਐਸਾ ਕਰੇ ਸੀਗਾਰੋ॥'

ਸ੍ਰੀ ਗੁਰੂ ਅਰਜਨ ਸਾਹਿਬ ਨੇ, ਪੰਨਾ ੪੦੦ ਤੇ ਅਸਲ ਸ਼ਿੰਗਾਰ ਦੀ ਵਿਆਖਿਆ ਕੀਤੀ ਹੈ ਕਿ ਸੰਤ ਜਨਾਂ ਦੀ ਦਾਸਰੀ ਬਣਨਾ ਹੀ ਅਸਲ ਚੱਜ ਅਚਾਰ ਹੈ, ਪ੍ਰਭੂ/ਗੁਰੂ ਦਾ ਹੁਕਮ ਮੰਨਣ ਨੂੰ ਸ਼ਿੰਗਾਰ ਬਣਾਓ। ਦੂਜਾ, ਭਾਵ, ਮਾਇਆ ਨਾਲ ਪਿਆਰ ਭੁਲਾਣਾ ਹੀ ਤੰਬੋਲ ਚਬਾਉਣਾ ਹੈ। ਅਸਲ ਸ਼ਿੰਗਾਰ ਦਾ ਚੱਜ ਤਾਂ ਗੁਰੂ ਨੂੰ ਹੈ, ਜਿਹੜਾ ਸ਼ਿੰਗਾਰ ਉਹ ਕਰਦਾ ਹੈ ਉਹੀ ਰੂਪ ਅਸਲ ਸੋਹਣਾ ਬਣਦਾ ਹੈ। ਜੋ ਕਰਤਾਰ, ਪ੍ਰਭੂ ਨੂੰ ਭਾਅ ਗਈ ਉਹੀ ਅਸਲ ਸੁਹਾਗਣ ਹੈ - 'ਸੰਤਾ ਕੀ ਹੋਇ ਦਾਸਰੀ  ਏਹੁ ਅਚਾਰਾ ਸਿਖੁ ਰੀ॥.. ਭਰਤਾ ਕਹੈ ਸੁ ਮਾਨੀਐ  ਏਹ ਸੀਗਾਰੁ ਬਣਾਇ ਰੀ॥ ਦੂਜਾ ਭਾਉ ਵਿਸਾਰੀਐ  ਏਹੁ ਤੰਬੋਲਾ ਖਾਇ ਰੀ॥ ਤਿਸ ਹੀ ਚਜੁ ਸੀਗਾਰੁ ਸਭੁ  ਸਾਈ ਰੂਪਿ ਅਪਾਰਿ ਰੀ॥ ਸਾਈ ਸੋਹਾਗਣ ਨਾਨਕਾ  ਜੋ ਭਾਣੀ ਕਰਤਾਰਿ ਰੀ॥'

ਸ੍ਰੀ ਗੁਰੂ ਅਰਜਨ ਸਾਹਿਬ ਨੇ ਅਸਲ ਸ਼ਿੰਗਾਰ ਦਸਿਆ ਹੈ ਕਿ ਜੋ, ਉਸ ਸੰਤ ਜਨ ਨੂੰ ਸਮਰਪਿਤ ਹੋ ਜਾਂਦੀ ਹੈ, ਉਹ ਸੰਤ ਜੋ ਪ੍ਰਭੂ ਨੂੰ ਮਿਲਾਉਣ ਦੇ ਸਮਰੱਥ ਹੈ, ਇਹੀ ਸਮੱਰਪਣ ਉਸਦਾ ਸ਼ਿੰਗਾਰ ਹੈ, ਬਾਕੀ ਸਾਰੇ ਸ਼ਿੰਗਾਰ, ਜ਼ਹਿਰ ਰੂਪ ਹਨ, ਇਸ ਲਈ, ਹੇ ਮੇਰੀ ਮਾਤਾ ! ਮੈਂ ਉਹ ਸਭ ਛਡ ਦਿਤੇ ਹਨ - 'ਇਹੁ ਤਨੁ ਵੇਚੀ ਸੰਤ ਪਹਿ ਪਿਆਰੇ  ਪ੍ਰੀਤਮੁ ਦੇਇ ਮਿਲਾਇ॥ ਸੁਖ ਸੀਗਾਰ ਬਿਖਿਆ ਕੇ ਫੀਕੇ  ਤਜਿ ਛੋਡੇ ਮੇਰੀ ਮਾਇ॥', ਅੰਕ ੪੩੧.
ਸ਼ਿੰਗਾਰ ਦੀ ਥਾਂ ਤੇ ਸੁੰਦਰਤਾ ਦਾ ਅਸਲ ਢੰਗ, ਸ੍ਰੀ ਗੁਰੂ ਨਾਨਕ ਸਾਹਿਬ ਨੇ 'ਜਪੁ' ਬਾਣੀ ਵਿਚ ਦਸਿਆ ਹੈ ਕਿ ਜੇ ਜਨਮ ਮਰਣ ਤੋਂ ਰਹਿਤ, ਸਦਾ ਸੁੰਦਰ ਅਤੇ ਅਨੰਦਤ ਰਹਿਣਾ ਚਾਹੁੰਦੇ ਹੋ ਤਾਂ, ਬ੍ਰਹਮਾ ਦੇ ਸ੍ਰਿਸ਼ਟੀ ਸਾਜਣ ਤੋਂ ਪਹਿਲਾਂ ਦੀ, ਮਾਇਆ ਤੋਂ ਰਹਿਤ, ਅਨਹੱਦ ਧੁਨੀ (ਬਾਣੀ) ਮੌਜੂਦ ਹੈ, ਉਸ ਦਾ ਉਚਾਰਣ ਕਰੋ, ਭਾਵ, ਸਿਮਰਣ ਕਰੋ - 'ਸੁਅਸਤਿ ਆਥਿ ਬਾਣੀ ਬਰਮਾਉ॥ ਸਤਿ ਸੁਹਾਣੁ ਸਦਾ ਮਨਿ ਚਾਉ॥' ਇਨ੍ਹਾਂ ਪੰਕਤੀਆਂ ਦੀ ਵਿਆਖਿਆ, ਪਹਿਲਾਂ ਕੀਤੀ ਜਾ ਚੁਕੀ ਹੈ।

ਸ੍ਰੀ ਗੁਰੂ ਅਮਰਦਾਸ ਸਾਹਿਬ ਨੇ, ਪੰਨਾ ੫੧੪ ਤੇ, ਅਸਲ ਸੁੰਦਰਤਾ ਦਸੀ ਹੈ ਕਿ ਜੋ, ਵਾਹਗੁਰੂ ਵਾਹਗੁਰੂ ਦਾ ਜਾਪ ਕਰਦੇ ਹਨ ਉਹੀ ਸੁੰਦਰ ਹਨ ਅਤੇ ਉਨ੍ਹਾਂ ਨੂੰ ਦੁਨੀਆਂ ਪੂਜਦੀ ਹੈ - 'ਵਾਹੁ ਵਾਹੁ ਕਰਹਿ  ਸੇਈ ਜਨ ਸੋਹਣੇ  ਤਿਨ੍ ਕਉ ਪਰਜਾ ਪੂਜਣ ਆਈ॥'
ਪੰਚਮ ਪਾਤਸ਼ਾਹ, ਸੁੰਦਰਤਾ ਦਾ ਦੂਜਾ ਲੱਛਣ ਦਸਦੇ ਹਨ ਕਿ ਜੋ ਸਾਧੂ ਦੀ ਸੰਗਤਿ ਕਰਦੇ ਹਨ, ਉਹ ਸੋਹਣੇ ਹਨ - 'ਸੇਈ ਸੁੰਦਰ ਸੋਹਣੇ॥ ਸਾਧ ਸੰਗਿ ਜਿਨ ਬੈਹਣੇ॥'

